International Journal of Applied Research 2021; 7(1): 207-210




**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(1): 207-210
www.allresearchjournal.com
Received: 01-11-2020
Accepted: 05-12-2020

**ਡਾ. ਜਸਵੀਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਆਰ ਕੇ ਆਰੀਆ ਕਾਲਜ, ਨਵਾਂਸ਼ਹਿਰ, ਪੰਜਾਬ, ਭਾਰਤ

**Corresponding Author:**
**ਡਾ. ਜਸਵੀਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਆਰ ਕੇ ਆਰੀਆ ਕਾਲਜ, ਨਵਾਂਸ਼ਹਿਰ, ਪੰਜਾਬ, ਭਾਰਤ

# ਪੰਜਾਬੀ ਭਾਸ਼ਾ ਦਾ ਭਵਿੱਖ ਅਤੇ ਚੁਣੌਤੀਆਂ

**ਡਾ. ਜਸਵੀਰ ਸਿੰਘ**

## ਜਾਣ੍ਹਪਛਾਣ

ਭਾਸ਼ਾ ਮਨੁੱਖ ਦੀ ਬਹੁਤ ਵੱਡੀ ਪ੍ਰਾਪਤੀ ਹੈ।"ਸਮੁੱਚੇ ਸੰਸਾਰ ਵਿਚ ਅੱਜ ਤੱਕ ਕੀਤੀ ਗਈ ਖੋਜ ਅਨੁਸਾਰ ਸੰਸਾਰ ਵਿਚ 4000 ਤੋਂ ਕੁਝ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਮੁੱਖ ਭਾਸ਼ਾਵਾਂ, ਉਪਭਾਸ਼ਾਵਾਂ ਦੀ ਗਿਣਤੀ ਇਹਨਾਂ ਤੋਂ ਕਈ ਗੁਣਾਂ ਜ਼ਿਆਦਾ ਹੈ।"[1] ਕਿਸੇ ਵੀ ਭਾਸ਼ਾ ਨੂੰ ਵਿਕਸਤ ਹੋਣ ਵਿਚ ਲੰਮਾ ਸਮਾਂ ਲਗਦਾ ਹੈ, ਸਮੇਂ ਦੇ ਅਨੁਸਾਰ ਇਸ ਵਿਚ ਕਈ ਤਬਦੀਲੀਆਂ ਵੀ ਆਉਂਦੀਆਂ ਰਹਿੰਦੀਆਂ ਹਨ। ਕਈ ਭਾਸ਼ਾਵਾਂ ਵਿਕਸਤ ਹੋ ਜਾਂਦੀਆਂ ਹਨ ਅਤੇ ਕਈ ਹੌਲੀ ਹੌਲੀ ਖਤਮ ਹੋਣ ਦੇ ਕਿਨਾਰੇ ਪਹੁੰਚ ਜਾਂਦੀਆਂ ਹਨ। "ਦੁਨੀਆਂ ਦੀ ਕੁੱਲ ਆਬਾਦੀ 8 ਬਿਲੀਅਨ ਹੈ।"[2] ਭਾਸ਼ਾ ਸੰਚਾਰ ਦਾ ਉੱਤਮ ਮਾਧਿਅਮ ਮੰਨਿਆ ਗਿਆ ਹੈ, ਇਸ ਰਾਹੀਂ ਅਸੀਂ ਆਪਣੇ ਵਿਚਾਰ ਦੂਜਿਆਂ ਤੱਕ ਪਹੁੰਚਾਉਦੇ ਹਾਂ ਅਤੇ ਦੂਜਿਆਂ ਦੇ ਵਿਚਾਰ ਆਪ ਗ੍ਰਹਿਣ ਕਰਦੇ ਹਾਂ। "ਮਨੁੱਖ ਨੂੰ ਮਨੁੱਖ ਬਣਾਉਣ ਦਾ ਸਭ ਤੋਂ ਵੱਡਾ ਸਿਹਰਾ ਭਾਸ਼ਾ ਦੇ ਸਿਰ ਹੈ। ਅਬ੍ਰਾਹਮ ਨੇ ਲਿਖਿਆ ਹੈ ਕਿ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਕਿਹੜੀ ਹੈ, ਨਿਰਸੰਦੇਹ ਇਹ ਭਾਸ਼ਾ ਹੈ।"[3]
ਭਾਸ਼ਾ ਦੇ ਦੋ ਰੂਪ ਹੁੰਦੇ ਹਨ।

1. ਬੋਲਚਾਲ ਵਾਲਾ ਰੂਪ (ਉਚਰਿਤ ਭਾਸ਼ਾ)
2. ਲਿਖਤ ਭਾਸ਼ਾ

ਉਚਰਿਤ ਭਾਸ਼ਾ ਕੰਨਾਂ ਦੀ ਵਸਤੂ ਹੈ ਅਤੇ ਲਿਖਤੀ ਭਾਸ਼ਾ ਅੱਖਾਂ ਦੀ । ਲਿਖਤੀ ਭਾਸ਼ਾ ਲਈ ਸਾਨੂੰ ਲਿੱਪੀ ਦੀ ਲੋੜ ਪੈਂਦੀ ਹੈ, ਜਿਨ੍ਹਾਂ ਚਿੰਨ੍ਹਾਂ ਰਾਹੀਂ ਭਾਸ਼ਾ ਲਿਖੀ ਜਾਂਦੀ ਹੈ, ਉਨ੍ਹਾਂ ਚਿੰਨ੍ਹਾਂ ਦੇ ਸਮੂਹ ਨੂੰ ਲਿੱਪੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਜਿਹੜੀ ਲਿੱਪੀ ਵਰਤੀ ਜਾਂਦੀ ਹੈ, ਉਸ ਨੂੰ ਗੁਰਮੁਖੀ ਲਿੱਪੀ ਕਿਹਾ ਜਾਂਦਾ ਹੈ, ਇਸ ਨੂੰ ਪੈਂਤੀ ਅੱਖਰੀਂ ਵੀ ਕਿਹਾ ਜਾਂਦਾ ਹੈ, ਭਾਵੇਂ ਕਿ ਪਿਛੋਂ ਫ਼ਾਰਸੀ ਧੁਨੀਆਂ ਨੂੰ ਪ੍ਰਗਟ ਕਰਨ ਲਈ ਸ਼, ਖ਼, ਗ਼, ਜ਼ ਤੇ ਫ਼ ਅੱਖਰਾਂ ਦਾ ਵਾਧਾ ਕਰ ਦਿੱਤਾ ਗਿਆ। ਪੰਜਾਬੀ ਦੇ ਇਕ ਹੋਰ ਨਿਵੇਕਲੇ ਉਚਾਰਨ ਨੂੰ ਪ੍ਰਗਟ ਕਰਨ ਲਈ ਧੁਨੀ ਲ਼ ਦੀ ਵਰਤੋਂ ਨਾਲ ਇਸ ਦੇ ਅੱਖਰਾਂ ਦੀ ਗਿਣਤੀ 41 ਹੋ ਗਈ ਹੈ। ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਸ਼ਾਹਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਭਾਸ਼ਾ ਵਿਗਿਆਨੀਆਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਲਈ ਸਭ ਤੋਂ ਢੁੱਕਵੀ ਤੇ ਯੋਗ ਲਿੱਪੀ ਗੁਰਮੁਖੀ ਲਿੱਪੀ ਹੀ ਹੈ।"ਗੁਰਮੁਖੀ ਲਿੱਪੀ ਜਿਸ ਵਿਚ ਪੰਜਾਬ ਦੀ ਬੋਲੀ ਉੱਤਮ ਲਿਖੀ ਜਾਂਦੀ ਹੈ।"[4] ਲਿੱਪੀ ਤੋਂ ਬਿਨਾਂ ਕੋਈ ਵੀ ਭਾਸ਼ਾ ਵਿਕਸਤ ਨਹੀਂ ਹੋ ਸਕਦੀ। ਅੰਗਰੇਜ਼ੀ ਭਾਸ਼ਾ ਨੂੰ ਲਿਖਣ ਲਈ ਰੋਮਨ ਲਿੱਪੀ ਅਤੇ ਹਿੰਦੀ ਭਾਸ਼ਾ ਨੂੰ ਲਿਖਣ ਲਈ ਦੇਵਨਾਗਰੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਭਾਸ਼ਾਵਾਂ ਦੀ ਲਿੱਪੀ ਹੁੰਦੀ ਹੈ, ਉਹੀ ਭਾਸ਼ਾਵਾਂ ਲੰਮੇ ਸਮੇਂ ਤੱਕ ਜਿਉਂਦੀਆਂ ਰਹਿ ਸਕਦੀਆਂ ਹਨ।
ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਸ਼ਿਫਤਾਂ ਭਾਵੇਂ ਹਰ ਪਾਸੇ ਹੁੰਦੀਆਂ ਹਨ ਪਰ ਉਨ੍ਹਾਂ ਦੇ ਰਾਜ ਵਿਚ ਵੀ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਹੋਣ ਦਾ ਮਾਣ ਨਹੀਂ ਮਿਲਿਆ ।

ਅੰਗਰੇਜ਼ਾਂ ਦਾ ਰਾਜ ਆਇਆ ਤਾਂ ਨਵੀਂ ਸਿੱਖਿਆ ਪ੍ਰਣਾਲੀ ਦੇ ਤਹਿਤ ਜੋ 1870 ਵਿਚ ਲਾਗੂ ਹੋਈ ਉਰਦੂ ਨੂੰ ਪੰਜਾਬ ਵਿੱਚ ਸਰਕਾਰੀ ਦਫ਼ਤਰੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ। 19ਵੀਂ ਸਦੀ ਦੇ ਅੱਧ ਤੱਕ ਸਰਕਾਰੀ ਕੰਮਕਾਜ, ਸਿੱਖਿਆ ਤੇ ਨਿਆਂ ਆਦਿ ਦੀ ਭਾਸ਼ਾ ਈਰਾਨ ਦੇਸ਼ ਦੀ ਭਾਸ਼ਾ ਫ਼ਾਰਸੀ ਹੀ ਰਹੀ ਹੈ। ਅੰਗਰੇਜ਼ਾਂ ਵੱਲੋਂ ਪੰਜਾਬ ਉੱਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਉਪਰੰਤ ਹੇਠਲੇ ਰਾਜ ਪ੍ਰਬੰਧ ਤੇ ਸਿੱਖਿਆ ਉਤੇ ਉਰਦੂ ਤੇ ਉਪਰਲੇ ਪੱਧਰ ਉੱਤੇ ਅੰਗਰੇਜ਼ੀ ਭਾਸ਼ਾ ਨੂੰ ਮਾਧਿਅਮ ਬਣਾ ਦਿੱਤਾ ਗਿਆ। ਇਸ ਤਰ੍ਹਾਂ 1947 ਈਸਵੀ ਤੱਕ ਉਰਦੂ ਤੇ ਅੰਗਰੇਜ਼ੀ ਭਾਸ਼ਾ ਦਾ ਬੋਲ ਬਾਲਾ ਕਾਇਮ ਰਿਹਾ। ਇਸ ਉਪਰੰਤ ਉਰਦੂ ਦਾ ਪ੍ਰਭਾਵ ਲਗਾਤਾਰ ਘੱਟ ਹੁੰਦਾ ਗਿਆ ਪਰ ਅੰਗਰੇਜ਼ੀ ਭਾਸ਼ਾ ਦਾ ਪ੍ਰਚਾਰ ਤੇ ਪਾਸਾਰ ਦਿਨੋਂ ਦਿਨ ਵਧਦਾ ਹੀ ਗਿਆ।

19 ਦਸੰਬਰ, 1967 ਵਾਲੇ ਦਿਨ ਪੰਜਾਬ ਦੀ ਵਿਧਾਨ ਸਭਾ ਨੇ ਸ. ਲਛਮਣ ਸਿੰਘ ਗਿੱਲ (ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ) ਦੀ ਅਗਵਾਈ ਵਿਚ ਸਰਬ ਸੰਮਤੀ ਨਾਲ ਪੰਜਾਬ ਰਾਜ ਭਾਸ਼ਾ ਬਿੱਲ 1967 ਪਾਸ ਕੀਤਾ ਗਿਆ। "19 ਦਸੰਬਰ, 1967 ਨੂੰ ਪੰਜਾਬ ਰਾਜ ਭਾਸ਼ਾ ਐਕਟ ਪਾਸ ਹੋਇਆ ਅਤੇ ਪਹਿਲੀ ਜਨਵਰੀ, 1968 ਤੋਂ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਅਤੇ ਦਫ਼ਤਰੀ ਕਾਰਗੁਜ਼ਾਰੀ ਦਾ ਮਾਧਿਅਮ ਬਣਾ ਦਿੱਤਾ ਗਿਆ।"[5] 29 ਦਸੰਬਰ, 1967 ਨੂੰ ਇਸ ਬਿੱਲ ਉੱਤੇ ਪੰਜਾਬ ਦੇ ਗਵਰਨਰ ਦੇ ਦਸਖ਼ਤ ਹੋ ਗਏ। ਇੰਝ 30 ਦਸੰਬਰ, 1967 ਨੂੰ ਇਹ ਐਲਾਨ ਕਰ ਦਿੱਤਾ ਗਿਆ ਕਿ ਪਹਿਲੀ ਜਨਵਰੀ 1968 ਤੋਂ ਪੰਜਾਬੀ ਭਾਸ਼ਾ ਨੂੰ ਸਾਰੇ ਪੰਜਾਬ ਦੇ ਜ਼ਿਲ੍ਹਾ ਪੱਧਰ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਮਾਧਿਅਮ ਬਣਾ ਦਿੱਤਾ ਗਿਆ। ਇਸੇ ਤਰ੍ਹਾਂ 9 ਫਰਵਰੀ 1968 ਦੇ ਅਨੁਸਾਰ 13 ਅਪਰੈਲ 1968 ਤੋਂ ਰਾਜ ਪੱਧਰ ਦੇ ਪ੍ਰਬੰਧ ਦੀ ਭਾਸ਼ਾ ਪੰਜਾਬੀ ਨਿਰਧਾਰਿਤ ਹੋ ਚੁੱਕੀ ਸੀ।

"ਇਕ ਅੰਦਾਜ਼ੇ ਮੁਤਾਬਿਕ ਦੁਨੀਆਂ ਵਿਚ ਤਕਰੀਬਨ 15 ਕਰੋੜ ਲੋਕ ਪੰਜਾਬੀ ਬੋਲਦੇ ਹਨ, ਇਨ੍ਹਾਂ ਵਿਚੋਂ 10 ਕਰੋੜ ਪੱਛਮੀ ਪੰਜਾਬ, ਢਾਈ ਕਰੋੜ ਪੂਰਬੀ ਪੰਜਾਬ, ਤਕਰੀਬਨ ਇਕ ਕਰੋੜ ਪੂਰਬੀ ਪੰਜਾਬ ਦੇ ਨਾਲ ਲਗਦੇ ਸੂਬਿਆਂ ਵਿਚ ਹੀ ਹਨ।"[6] ਵਿਸ਼ਵਭਰ ਵਿਚ 21 ਫਰਵਰੀ ਨੂੰ ਅੰਤਰ ਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਦੁਨੀਆਂ ਭਰ ਦੇ ਲੋਕਾਂ ਨੂੰ ਆਪਣੀ ਮਾਂ-ਬੋਲੀ ਤੇ ਸੱਭਿਆਚਾਰ ਬਾਰੇ ਸੁਚੇਤ ਕਰਨਾ ਤੇ ਲੋਕਾਂ ਵਿਚ ਜਾਗਰੂਕਤਾ ਮੁਹਿੰਮ ਚਲਾਉਣਾ ਸੀ।

17 ਨਵੰਬਰ, 1999 ਵਿਚ ਯੂਨੈਸਕੋ ਨੇ ਮਾਂ-ਬੋਲੀ ਦਿਵਸ ਮਨਾਉਣ ਦਾ ਐਲਾਨ ਕੀਤਾ। ਸਾਲ 2000 ਵਿਚ ਪਹਿਲੀ ਵਾਰ ਇਸ ਦਿਨ ਨੂੰ ਅੰਤਰ ਰਾਸ਼ਟਰੀ ਮਾਂ-ਬੋਲੀ ਦਿਵਸ ਵਜੋਂ ਮਨਾਇਆ ਗਿਆ ਸੀ। ਭਾਰਤੀ ਸੰਵਿਧਾਨ ਵਿੱਚ ਜਿਨ੍ਹਾਂ ਚੌਦਾਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਸੀ, ਉਨ੍ਹਾਂ ਵਿੱਚੋ ਪੰਜਾਬੀ ਭਾਸ਼ਾ ਦਾ ਗਿਆਰਵਾਂ ਸਥਾਨ ਹੈ। ਕੈਨੇਡਾ ਦੇ ਇਕ ਰਾਜ ਦੀ ਦੂਜੀ ਸਰਕਾਰੀ ਭਾਸ਼ਾ ਪੰਜਾਬੀ ਹੈ।

**ਭਵਿੱਖ:** ਇਹ ਵੀ ਇਕ ਵੱਡੀ ਗਲਤਫ਼ਹਿਮੀ ਹੋਵੇਗੀ ਕਿ ਜੇਕਰ ਅਸੀਂ ਇਹ ਕਹਿ ਲਈਏ ਕਿ ਪੰਜਾਬੀ ਨੂੰ ਕੋਈ ਖਤਰਾ ਨਹੀਂ, ਜਿਸ ਢੰਗ ਨਾਲ ਪੰਜਾਬੀਆਂ ਦਾ ਲਗਾਤਾਰ ਵਿਦੇਸ਼ਾਂ ਨੂੰ ਜਾਣਾ ਅਤੇ ਪਰਵਾਸੀ ਮਜ਼ਦੂਰਾਂ ਦਾ ਲਗਾਤਾਰ ਪੰਜਾਬ ਵਿੱਚ ਆਉਣਾ ਜਾਰੀ ਹੈ, ਦੂਜੇ ਪਾਸੇ ਪੰਜਾਬ ਦੇ ਘਰਾਂ ਵਿਚ ਪੰਜਾਬੀ ਬੋਲਣੀ ਬੰਦ ਹੋ ਰਹੀ ਹੈ ਜਾਂ ਕੀਤੀ ਜਾ ਰਹੀ ਹੈ, ਉਸ ਤੋਂ ਤਾਂ ਇਹ ਲਗਦਾ ਹੈ ਕਿ ਇਹ ਭਾਸ਼ਾ ਮਾਂ ਬੋਲੀ ਦਾ ਰੁਤਬਾ ਵੀ ਗੁਵਾ ਬੈਠੇਗੀ। ਜਿਸ ਢੰਗ ਨਾਲ ਹਰ ਪਾਸੇ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਉਸ ਨਾਲ ਪੰਜਾਬੀ ਨੂੰ ਵੱਡੀ ਢਾਹ ਲਗੇਗੀ ।

ਪਾਕਿਸਤਾਨ ਵਿੱਚ ਭਾਵੇਂ ਰਾਜ ਭਾਸ਼ਾ ਉਰਦੂ ਹੈ ਪਰ ਬਾਜ਼ਾਰਾਂ, ਗਲੀਆਂ ਤੇ ਘਰਾਂ ਵਿਚ ਲੋਕੀ ਪੰਜਾਬੀ ਜ਼ਬਾਨ ਹੀ ਬੋਲਦੇ ਹਨ ਪਰ ਸਰਕਾਰੀ ਭਾਸ਼ਾ ਉਰਦੂ ਹੋਣ ਕਾਰਨ ਉਰਦੂ ਦਾ ਪ੍ਰਭਾਵ ਵੀ ਲਗਾਤਾਰ ਵੱਧ ਰਿਹਾ ਹੈ, ਇਸ ਸਭ ਦੇ ਬਾਵਜੂਦ ਵੀ ਅਸੀਂ ਆਸ ਕਰ ਸਕਦੇ ਹਾਂ ਕਿ ਜੇਕਰ ਸਾਡੀਆਂ ਸਰਕਾਰਾਂ, ਯੂਨੀਵਰਸਿਟੀਆਂ ਅਤੇ ਹੋਰ ਉੱਚ ਸੰਸਥਾਵਾਂ ਨੇ ਪੰਜਾਬੀ ਭਾਸ਼ਾ ਨੂੰ ਵਿਕਸਤ ਕਰਨ ਲਈ ਲਗਾਤਾਰ ਯਤਨ ਕੀਤੇ ਤਾਂ ਜ਼ਰੂਰ ਸਾਡੀ ਇਹ ਮਾਂ-ਬੋਲੀ ਦੁਨੀਆਂ ਦੇ ਨਕਸ਼ੇ 'ਤੇ ਚਮਕੇਗੀ । ਦੂਜਾ ਜਦੋਂ ਪੰਜਾਬ ਦਾ ਹਰ ਵਰਗ ਸਿੱਖ, ਹਿੰਦੂ, ਮੁਸਲਿਮ ਤੇ ਈਸਾਈ ਨੇ ਜਿਸ ਦਿਨ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਪੰਜਾਬੀ, ਪੰਜਾਬ ਦੇ ਰਹਿਣ ਵਾਲੇ, ਸਾਡੀ ਮਾਂ-ਬੋਲੀ ਪੰਜਾਬੀ ਉਸ ਦਿਨ ਸੱਚ ਜਾਣਿਓ ਪੰਜਾਬੀ ਦਾ ਝੰਡਾ ਸਾਰੀ ਦੁਨੀਆਂ ਵਿਚ ਲਹਿਰਾਇਆ ਜਾਵੇਗਾ

**ਚੁਣੌਤੀਆਂ:** ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਭਾਵੇਂ ਬਹੁਤ ਸਾਰੀਆਂ ਸੰਸਥਾਵਾਂ ਲੱਗੀਆਂ ਹੋਈਆਂ ਹਨ, ਜਿਵੇਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਇਲਾਵਾ ਭਾਸ਼ਾ ਵਿਭਾਗ, ਪਟਿਆਲਾ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਪੰਜਾਬੀ ਭਾਸ਼ਾ ਅਕਾਦਮੀ, ਕੇਂਦਰੀ ਲੇਖਕ ਸਭਾ ਅਤੇ ਪੰਜਾਬ ਆਰਟਸ ਕੌਂਸਲ ਆਦਿ ਪਰ ਫਿਰ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਅੱਗੇ ਬਹੁਤ ਸਾਰੀਆਂ ਮੁਸ਼ਕਲਾਂ-ਚੁਣੌਤੀਆਂ ਹਨ, ਜਿਨ੍ਹਾਂ ਦਾ ਹੱਲ ਕੀਤੇ ਬਿਨ੍ਹਾਂ ਵਿਕਾਸ ਸੰਭਵ ਨਹੀਂ ਹੋ ਸਕਦਾ। ਭਾਸ਼ਾ ਦੀ ਮਹੱਤਤਾ ਇਸ ਕਥਨ ਤੋਂ ਲਗਾਈ ਜਾ ਸਕਦੀ ਹੈ, "ਬਿਨਾਂ ਮਨੁੱਖ ਭਾਸ਼ਾ ਨਹੀਂ, ਬਿਨਾਂ ਭਾਸ਼ਾ ਮਨੁੱਖ ਸੰਭਵ ਨਹੀਂ।"[7]

"ਭਾਸ਼ਾ ਸ਼ਬਦਾਂ ਦਾ ਸਮੂਹ ਹੈ। ਸੰਸਾਰ ਵਿਚ ਨਵੀਆਂ ਵਸਤਾਂ, ਵਪਾਰ ਤੇ ਸੰਕਲਪ ਉਪਜਦੇ ਰਹਿੰਦੇ ਹਨ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਨਵੇਂ ਸ਼ਬਦਾਂ ਦੀ ਲੋੜ ਪੈਂਦੀ ਹੈ।"[8] "ਪੰਜਾਬੀ ਭਾਸ਼ਾ ਦਾ ਆਪਣਾ ਵਿਆਕਰਣ ਪ੍ਰਬੰਧ ਹੈ, ਆਪਣੀ ਵੱਖਰੀ ਲਿੱਪੀ, ਅਖਾਣ ਮੁਹਾਵਰੇ, ਸ਼ਬਦਕੋਸ਼ ਤੇ ਉਪਭਾਸ਼ਾਵਾਂ ਹਨ। ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਇਕ ਸੰਪੂਰਨ ਤੇ ਜਿਊਂਦੀ ਜਾਗਦੀ ਭਾਸ਼ਾ ਹੈ ਅਤੇ ਸਮੇਂ ਸਮੇਂ ਲੋੜ ਅਨੁਸਾਰ ਇਸ ਵਿਚ ਪਰਿਵਰਤਨ ਤੇ ਵਾਧਾ ਹੁੰਦਾ ਰਹਿੰਦਾ ਹੈ।"[9]

1. ਸਾਊਥ ਦੀਆਂ ਰਾਜ ਸਰਕਾਰਾਂ ਆਪਣੀ ਮਾਂ ਬੋਲੀ ਪ੍ਰਤੀ ਬਹੁਤ ਸੁਚੇਤ ਹਨ ਪਰ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕ ਕਦੇ ਵੀ ਆਪਣੀ ਮਾਂ ਬੋਲੀ ਪ੍ਰਤੀ ਸੁਚੇਤ ਨਹੀਂ ਹੋਏ, ਜਿਸ ਦਾ ਵੱਡਾ ਨੁਕਸਾਨ ਪੰਜਾਬੀ ਭਾਸ਼ਾ ਨੂੰ ਹੋ ਰਿਹਾ ਹੈ।ਪਿਛਲੇ 30-40 ਸਾਲਾਂ ਤੋਂ ਸਰਕਾਰਾਂ ਦੀ ਭੂਮਿਕਾ

ਪੰਜਾਬੀ ਵਿਰੋਧੀ ਰਹੀ ਹੈ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਹ ਯਤਨ ਨਹੀਂ ਹੋਏ ਜੋ ਹੋਣੇ ਚਾਹੀਦੇ ਸਨ।

2. ਪੰਜਾਬੀ ਨੂੰ ਆਪਣਿਆਂ ਤੋਂ ਖ਼ਤਰਾ ਹੈ, ਬੇਗਾਨਿਆਂ ਤੋਂ ਨਹੀਂ। ਪੰਜਾਬੀਆਂ ਵਿੱਚ ਆਪਣੀ ਭਾਸ਼ਾ ਪ੍ਰਤੀ ਹੀਣ ਭਾਵਨਾ ਦਾ ਆਉਣਾ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਇਕ ਵੱਡੀ ਰੁਕਾਵਟ ਬਣ ਗਿਆ ਹੈ, ਪੰਜਾਬੀ ਦਾ ਇਕ ਅਧਿਆਪਕ ਵੀ ਪੰਜਾਬੀ ਦੀ ਥਾਂ ਤੇ ਅੰਗਰੇਜੀ ਵਿਚ ਦਸਖ਼ਤ ਕਰਨ ਨੂੰ ਪਹਿਲ ਦਿੰਦਾ ਹੈ। ਇਸ ਗੱਲ ਤੋਂ ਸਹਿਜੇ ਹੀ ਪੰਜਾਬੀਆਂ ਦੀ ਮਾਨਸਿਕਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਆਪਣੀ ਭਾਸ਼ਾ ਨੂੰ ਛੱਡ ਕੇ ਦੂਜੀਆਂ ਭਾਸ਼ਾਵਾਂ ਨੂੰ ਵਰਤਣਾ ਗੁਲਾਮ ਮਾਨਸਿਕਤਾ ਦੀ ਨਿਸ਼ਾਨੀ ਹੈ।
3. ਪੰਜਾਬ ਦੇ ਵਿੱਦਿਅਕ ਅਦਾਰਿਆਂ ਵਿਚ ਭਾਸ਼ਾ ਲੈਬ ਦੀ ਘਾਟ ਪਾਈ ਜਾਂਦੀ ਹੈ। ਯੂਨੀਵਰਸਿਟੀਆਂ ਵਿਚ ਵੀ ਕੁੱਝ ਹੱਦ ਤੱਕ ਇਹ ਘਾਟ ਰੜਕਦੀ ਹੈ।
4. ਸਕੂਲਾਂ-ਕਾਲਜਾਂ ਵਿੱਚ ਮਾਹਿਰ ਭਾਸ਼ਾ ਅਧਿਆਪਕਾਂ ਦੀ ਕਮੀ ਮਹਿਸੂਸ ਕੀਤੀ ਜਾਂਦੀ ਹੈ ।
5. ਸਾਹਿਤ ਅਕਾਦਮਿਆਂ ਵਲੋਂ ਭਾਵੇਂ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਨੂੰ ਵਿਕਸਤ ਕਰਨ ਲਈ ਛੋਟੇ ਮੋਟੇ ਯਤਨ ਜ਼ਰੂਰ ਕੀਤੇ ਜਾਂਦੇ ਹਨ ਪਰ ਸਾਹਿਤ ਅਕਾਦਮਿਆਂ ਦਾ ਰੋਲ ਵੀ ਇੰਝ ਦਾ ਹੈ, ਤੂੰ ਮੇਰੇ ਗਲ ਹਾਰ ਪਾ ਮੈ ਤੇਰੇ ਗਲ ਪਾਉਂਦਾ।
6. ਪ੍ਰਾਈਵੇਟ ਸਕੂਲਾਂ ਵਿਚ ਜਿੱਥੇ ਪੰਜਾਬੀ ਬੋਲਣ 'ਤੇ ਪਾਬੰਦੀ ਲਗਾਈ ਜਾਂਦੀ ਹੈ, ਅੰਗਰੇਜ਼ੀ ਤੇ ਹਿੰਦੀ ਨੂੰ ਤਰਜੀਹ ਦਿੱਤੀ ਜਾਂਦੀ ਹੈ,ਇਹ ਰੁਝਾਨ ਬੜਾ ਖ਼ਤਰਨਾਕ ਹੈ, ਇੰਝ ਕਰਕੇ ਅਸੀਂ ਨਵੀਂ ਪੀੜ੍ਹੀ ਦੀਆਂ ਜੜ੍ਹਾਂ ਵਿੱਚ ਤੇਲ ਪਾ ਰਹੇ ਹਾਂ, ਅੰਗਰੇਜ਼ੀ ਪੜ੍ਹੋ, ਬੋਲੋ ਪਰ ਪੰਜਾਬੀ ਲਿਖਣ ਤੇ ਬੋਲਣ 'ਤੇ ਪਾਬੰਦੀ ਲਾ ਕੇ ਨਹੀਂ। ਜਦੋਂ ਅਸੀਂ ਆਪਣੇ ਬੱਚਿਆਂ ਨੂੰ ਆਲ੍ਹਣੇ ਦੀ ਥਾਂ ਤੇ ਨਿਸਟ ਜਾਂ ਘੋਸਲਾ ਅਤੇ ਢਿੱਡ ਦੀ ਥਾਂ ਤੇ ਪੇਟ ਜਾਂ ਹੇਠਾਂ ਦੀ ਥਾਂ ਤੇ ਨੀਚੇ ਪੜਾਵਾਂਗੇ ਫਿਰ ਪੰਜਾਬੀ ਦਾ ਵਿਕਾਸ ਕਿਵੇਂ ਦਾ ਹੋਵੇਗਾ ਤੁਸੀਂ ਆਪ ਹੀ ਸੋਚ ਸਕਦੇ ਹੋ?
7. ਪੰਜਾਬੀ ਦੇ ਵਿਕਾਸ ਵਿੱਚ ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਭੂਮਿਕਾ ਵੀ ਨਿਗੂਣੀ ਹੀ ਆਖੀ ਜਾ ਸਕਦੀ ਹੈ, ਭਾਵੇਂ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਾਫੀ ਕੰਮ ਹੋਇਆ ਹੈ, "1965 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਲਈ ਪੰਜਾਬੀ ਵਿਕਾਸ ਵਿਭਾਗ ਦੀ ਸਥਾਪਨਾ ਕੀਤੀ। ਇਹ ਵਿਭਾਗ ਹੁਣ ਤੱਕ ਅਨੇਕਾਂ ਪੁਸਤਕਾਂ ਦੇ ਪ੍ਰਕਾਸ਼ਨ ਕਰਨ ਦੇ ਨਾਲ ਨਾਲ ਚੌਦਾਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸਾਂ ਦਾ ਆਯੋਜਨ ਕਰਵਾ ਚੁੱਕਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬੀ ਰੈਫਰੈਂਸ ਲਾਇਬਰੇਰੀ ਦੀ ਸਥਾਪਨਾ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਇਕ ਮੀਲ ਪੱਥਰ ਹੈ"[10] ਪਰ ਅਜੇ ਹੋਰ ਬਹੁਤ ਕੁਝ ਹੈ, ਜਿਸ ਨੂੰ ਯੂਨੀਵਰਸਿਟੀਆਂ ਵਲੋਂ ਕਰਨਾ ਚਾਹੀਦਾ ਹੈ ।
8. ਪੰਜਾਬੀ ਭਾਸ਼ਾ ਨੂੰ ਰੋਜ਼ਗਾਰ ਦੀ ਭਾਸ਼ਾ ਬਣਾਉਣਾ ਪੈਣਾ ਹੈ, ਜਦੋਂ ਤਕ ਇਸ ਨੂੰ ਰੋਜ਼ਗਾਰ ਨਾਲ ਨਹੀਂ ਜੋੜਿਆ ਜਾਂਦਾ, ਉਸ ਸਮੇਂ ਤਕ ਇਸ ਅੱਗੇ ਕਈ ਚੁਣੌਤੀਆਂ ਬਣੀਆਂ ਰਹਿਣੀਆਂ ਹਨ।
9. ਕੰਪਿਊਟਰ, ਸਾਇੰਸ ਤੇ ਕਾਮਰਸ ਤੋਂ ਇਲਾਵਾ ਹੋਰ ਗਿਆਨ ਵਿਗਿਆਨ ਆਦਿ ਵਰਗੇ ਵਿਸ਼ਿਆਂ ਨੂੰ ਪੰਜਾਬੀ ਵਿਚ ਪੜ੍ਹਾਉਣ ਦੇ ਯਤਣ ਹੋਣੇ ਚਾਹੀਦੇ ਹਨ, ਜਿਸ ਨਾਲ ਵੱਡੀ ਗਿਣਤੀ ਵਿਚ ਵਿਦਿਆਰਥੀ ਆਪਣੀ ਮਾਂ ਬੋਲੀ ਨਾਲ ਜੁੜਣਗੇ।
10. ਉੱਚ ਪੱਧਰ ਦੀਆਂ ਪਰੀਖਿਆਵਾਂ ਜਿਵੇਂ ਡਾਕਟਰੀ, ਇੰਜੀਨੀਅਰਿੰਗ ਸ਼ਫ਼ਤ, ਜ਼ੰਛ ਆਦਿ ਵੀ ਪੰਜਾਬੀ ਵਿਚ ਹੋਣੀਆਂ ਚਾਹੀਦੀਆਂ ਹਨ।
11. ਪੰਜਾਬੀ ਸ਼ਬਦ ਜੋੜਾਂ ਦੀਆਂ ਸਮੱਸਿਆਵਾਂ ਵੀ ਇਕ ਵੱਡੀ ਚਣੌਤੀ ਹੈ, ਜਿਸ 'ਤੇ ਭਾਸ਼ਾ ਮਾਹਿਰਾਂ ਨੂੰ ਸੋਚਣਾ ਬਣਦਾ ਹੈ। ਖਾਸ ਕਰਕੇ ਹਾਹੇ ਵਾਲੇ ਸਬਦ ਤੇ ਘ, ਝ, ਢ, ਧ ਤੇ ਭ ਵਾਲੇ ਅੱਖਰਾਂ ਨਾਲ ਬਣਨ ਵਾਲੇ ਸ਼ਬਦਾਂ ਨੂੰ ਲਿਖਣ ਲੱਗਿਆ ਬਹੁਤ ਧਿਆਨ ਰੱਖਣਾ ਚਾਹੀਦਾ ਹੈ।
12. ਵੋਟ ਬੈਂਕ ਦੀ ਰਾਜਨੀਤੀ ਨੇ ਵੀ ਪੰਜਾਬੀ ਭਾਸ਼ਾ ਦਾ ਇਕ ਵੱਡਾ ਨੁਕਸਾਨ ਕੀਤਾ ਹੈ, ਇਸੇ ਕਰਕੇ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਮਿਲਦੀ, ਜਿਸ ਦਾ ਨੁਕਸਾਨ ਭਾਸ਼ਾ ਨੂੰ ਝੱਲਣਾ ਪੈਂਦਾ ਹੈ ।
13. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਟਾਈਪਿੰਗ ਅੱਗੇ ਇਕ ਚੁਣੌਤੀ ਇਹ ਵੀ ਹੈ ਕਿ ਫੌਂਟ ਦੀ ਸਮੱਸਿਆ, ਭਾਵੇਂ ਕਈ ਫੌਂਟ ਤਿਆਰ ਕੀਤੇ ਗਏ ਹਨ ਪਰ ਅਜੇ ਤੱਕ ਕੋਈ ਤਸੱਲੀਬਖ਼ਸ਼ ਫੌਂਟ ਤਿਆਰ ਨਹੀਂ ਹੋ ਸਕਿਆ।

ਸਮੁੱਚੇ ਤੌਰ 'ਤੇ ਕਹਿ ਸਕਦੇ ਹਾਂ ਕਿ ਬੇਸ਼ੱਕ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਯਤਨ ਕਰ ਰਹੀਆਂ ਹਨ ਪਰ ਇਹ ਯਤਨ ਕਾਫੀ ਨਹੀਂ ਹਨ, ਅੱਜ ਪੰਜਾਬੀ ਭਾਸ਼ਾ ਨੂੰ ਕੰਪਿਊਟਰ ਦੀ ਭਾਸ਼ਾ ਬਣਾਉਣ ਲਈ ਇਸ ਦੇ ਸ਼ਬਦ ਜੋੜਾਂ ਵਿੱਚ ਇਕਸਾਰਤਾ ਲਿਆਉਣ ਤੋਂ ਇਲਾਵਾ ਪੰਜਾਬੀ ਨੂੰ ਰੋਜ਼ਗਾਰ ਦੀ ਭਾਸ਼ਾ ਬਣਾਉਣਾ, ਪੰਜਾਬੀਆਂ ਵਿੱਚੋਂ ਆਪਣੀ ਭਾਸ਼ਾ ਪ੍ਰਤੀ ਹੀਣ ਭਾਵਨਾ ਖ਼ਤਮ ਕਰਨਾ ਸਮੇਂ ਦੀ ਬਹੁਤ ਵੱਡੀ ਲੋੜ ਹੈ ਤਾਂ ਜੋ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਸਕੇ ਪਰੰਤੂ ਇਨ੍ਹਾਂ ਸਾਰੇ ਕਾਰਜਾਂ ਲਈ ਵਿਗਿਆਨਕ ਅਤੇ ਸੰਸਥਾਗਤ ਯਤਨਾਂ ਦੀ ਲੋੜ ਹੈ। ਪੰਜਾਬ ਸਰਕਾਰ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਚਾਹੁਣ ਤਾਂ ਕਿ ਨਹੀਂ ਹੋ ਸਕਦਾ ਪਰ ਲੋੜ ਹੈ ਸੱਚੇ ਦਿਲੋਂ ਯਤਨ ਕੀਤੇ ਜਾਣ।

## ਹਵਾਲੇ ਅਤੇ ਟਿੱਪਣੀਆਂ


1. ਪੰਜਾਬੀ ਭਾਸ਼ਾ ਵਿਆਕਰਣ ਅਤੇ ਬਣਤਰ, ਸੰਪਾ. ਐਸ ਐਸ ਜੋਸ਼ੀ, ਪਬਲੀਕੇਸ਼ਨਜ਼ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ-2
2. http://www.un.org/en/global-issues/population
3. ਸਿਧਾਂਤਕ ਭਾਸ਼ਾ ਵਿਗਿਆਨ, ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 1999, ਪੰਨਾ-19
4. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ,ਪੰਜਾਬ, 1999, ਪੰਨਾ-792

5. ਪੰਜਾਬੀ ਭਾਸ਼ਾ ਵਿਗਿਆਨ, ਸੁਖਵਿੰਦਰ ਸਿੰਘ ਸੰਘਾ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2012, ਪੰਨਾ-95
6. ਸਾਡੀ ਭਾਸ਼ਾ, ਹਰਕੀਰਤ ਸਿੰਘ (ਡਾ.), ਪਬਲੀਕੇਸ਼ਨਜ਼ ਬਿਊਰੋ ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 31
7. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪ੍ਰੇਮ ਪ੍ਰਕਾਸ਼ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1971, ਪੰਨਾ-29
8. ਨਵਾਂ ਸੰਪੂਰਨ ਮਹਾਨ ਕੋਸ਼, ਹਰਜਿੰਦਰ ਸਿੰਘ ਦਿਲਗੀਰ (ਡਾ.), ਜਿਲਦ ਚੌਥੀ, ਅਪਰੈਲ 2022, ਪੰਨਾ-1926
9. ਪੰਜਾਬੀ ਸਾਹਿਤ ਦਾ ਇਤਿਹਾਸ, ਆਦਿ ਕਾਲ ਤੋਂ 1700 ਈਸਵੀ ਤੱਕ, ਪਰਮਿੰਦਰ ਸਿੰਘ (ਡਾ.), ਪਬਲੀਕੇਸ਼ਨਜ਼ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ-6
10. ਪੰਜਾਬੀ ਭਾਸ਼ਾ ਵਿਗਿਆਨ, ਸੁਖਵਿੰਦਰ ਸਿੰਘ ਸੰਘਾ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2012, ਪੰਨਾ-97